ਸ/ਸ਼੍ਰੇਣੀ
13.2.19
Under Secretary
Punjab Vidhan Sabha
Chandigarh

## ਪੰਜਾਬ ਵਿਧਾਨ ਸਭਾ ਸਕੱਤਰੇਤ

ਵੀਰਵਾਰ, ਮਿਤੀ 14 ਫਰਵਰੀ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

### ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਵਿੱਚ ਮਰੀਜਾਂ ਨੂੰ ਇਲਾਜ ਦੀਆਂ ਸਹੂਲਤਾਂ ਦੇਣਾ

***1802. ਸ਼੍ਰੀ. ਸੰਜੀਵ ਤਲਵਾੜ, ਐਮ.ਐਲ.ਏ.:-** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਚੱਲ ਰਹੇ ਸਿਵਲ ਹਸਪਤਾਲ ਹੋਰ ਸਰਕਾਰੀ ਹਸਪਤਾਲ ਅਤੇ ਸਰਕਾਰੀ ਡਿਸਪੈਂਸਰੀਆਂ ਵਿੱਚ ਮਰੀਜਾਂ ਨੂੰ ਇਲਾਜ ਦੀਆਂ ਸਹੂਲਤਾਂ ਦੇਣ ਲਈ ਡਾਕਟਰਾਂ, ਸਟਾਫ, ਮਸ਼ੀਨਰੀ, ਦਵਾਈਆਂ ਦੀ ਕਾਫੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਘਾਟ ਨੂੰ ਪੂਰਾ ਕਰਨ ਲਈ ਕਿਹੜੇ-ਕਿਹੜੇ ਉੱਪਰਾਲੇ ਕੀਤੇ ਜਾ ਰਹੇ ਹਨ?

### ਸ਼੍ਰੀ ਮੁਕਤਸਰ ਸਾਹਿਬ ਨੂੰ ਅੰਮ੍ਰਿਤ ਸਿਟੀ ਘੋਸ਼ਿਤ ਕਰਨਾ

***1906. ਸਰਦਾਰ ਕੰਵਰਜੀਤ ਸਿੰਘ ਰੋਜੀ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸ਼੍ਰੀ ਮੁਕਤਸਰ ਸਾਹਿਬ ਨੂੰ ਅੰਮ੍ਰਿਤ ਸਿਟੀ ਵਜੋਂ ਘੋਸ਼ਿਤ ਕੀਤਾ ਗਿਆ ਸੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਰਾਜ ਸਰਕਾਰ ਨੇ ਲੋੜੀਦੇ ਫੰਡਜ਼ ਰਿਲੀਜ਼ ਕਰ ਦਿੱਤੇ ਹਨ; ਅਤੇ ਇਸ ਪ੍ਰਾਜੈਕਟ ਦੀ ਅਜੋਕੀ ਸਥਿਤੀ ਕੀ ਹੈ?

### ਜੀ.ਐਸ.ਐਸ.ਐਸ ਅਮਰਗੜ੍ਹ ਵਿਖੇ ਇਨਡੋਰ ਸਟੇਡੀਅਮ ਦੀ ਉਸਾਰੀ ਕਰਨਾ

***1839. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਸੰਗਰੂਰ ਦੇ ਜੀ.ਐਸ.ਐਸ.ਐਸ ਅਮਰਗੜ੍ਹ ਵਿਖੇ ਇਨਡੋਰ ਸਟੇਡੀਅਮ ਦੀ ਉਸਾਰੀ ਸ਼ੁਰੂ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

### ਜਲੰਧਰ ਜ਼ਿਲ੍ਹੇ ਵਿੱਚ ਜੰਗਲਾਤ ਵਿਭਾਗ ਦੀ ਜਮੀਨ ਬਾਰੇ

*1965. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜਲੰਧਰ ਜ਼ਿਲ੍ਹੇ ਵਿੱਚ ਜੰਗਲਾਤ ਅਧੀਨ ਕੁੱਲ ਕਿੰਨਾਂ ਰਕਬਾ ਹੈ;

ਅ) ਜਲੰਧਰ ਜ਼ਿਲ੍ਹੇ ਵਿੱਚ ਜੰਗਲਾਤ ਵਿਭਾਗ ਪਾਸ ਕੁੱਲ ਕਿੰਨੀ ਜ਼ਮੀਨ ਹੈ;

ੲ) ਜਲੰਧਰ ਜ਼ਿਲ੍ਹੇ ਵਿੱਚ 2017-2018 ਅਤੇ 2018-2019 ਵਿੱਚ ਕ੍ਰਮਵਾਰ ਕੁੱਲ ਕਿੰਨੇ ਦੱਰਖਤ ਲਗਾਏ ਗਏ ਹਨ?

### ਬਹੁਮੰਤਵੀ ਇੰਡੋਰ ਸਟੇਡੀਅਮ ਲਾਮਿਨੀ ਲਈ ਬਜਟ ਜਾਰੀ ਕਰਨਾ

*1869. **ਸ਼੍ਰੀ. ਅਮਿਤ ਵਿੱਜ, ਐਮ.ਐਲ.ਏ.:-** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੇਲੋ ਇੰਡੀਆ ਸਕੀਮ ਅਧੀਨ ਬਹੁਮੰਤਵੀ ਇੰਡੋਰ ਸਟੇਡੀਅਮ, ਲਾਮਿਨੀ ਪਠਾਨਕੋਟ ਲਈ ਲੱਗਭਗ 10 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਜਾਰੀ ਕੀਤਾ ਜਾਵੇਗਾ?

### ਕੰਢੀ ਖੇਤਰ ਦੇ ਪਿੰਡਾਂ ਵਿਚ ਬੱਸ ਸੇਵਾ ਸ਼ੁਰੂ ਕਰਨਾ

*1937. **ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸਿਆਰਪੁਰ ਵਿਚ ਕੰਢੀ ਖੇਤਰ ਦੇ ਪਿੰਡ, ਗੜ੍ਹਦੀਵਾਲਾ ਤੋਂ ਹੋਰਨਾਂ ਪਿੰਡਾਂ ਲਈ ਪੇਂਡੂ ਬੱਸ ਸੇਵਾ ਸ਼ੁਰੂ ਕਰਨ ਦੀ ਕੋਈ ਤਜਵੀਜ ਹੈ; ਜੇਕਰ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

### ਯੂਨੀਵਰਸਿਟੀ ਕਾਲਜ, ਘਨੌਰ ਵਿਚ ਬੀ.ਐਸ.ਸੀ. ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਗਿਣਤੀ

*1720. **ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

**ੳ)** ਯੂਨੀਵਰਸਿਟੀ ਕਾਲਜ, ਘਨੌਰ ਵਿਖੇ ਬੀ.ਐੱਸ.ਸੀ. ਦੇ ਕਿੰਨੇ ਵਿਦਿਆਰਥੀ ਅਤੇ ਕਿੰਨੇ ਅਧਿਆਪਕ ਹਨ;

**ਅ)** ਉਪਰੋਕਤ ਕਾਲਜ ਵਿੱਚ ਅਧਿਆਪਕ ਅਮਲੇ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

### ਰੱਖੜਾ ਸ਼ੂਗਰ ਮਿੱਲ ਨੂੰ ਮੁੱੜ ਚਾਲੂ ਕਰਨਾ

***1929.** ਸਰਦਾਰ ਰਾਜਿੰਦਰ ਸਿੰਘ, ਐਮ.ਐਲ.ਏ.:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਮਾਣਾ ਹਲਕੇ ਵਿੱਚ ਪੈਂਦੀ ਰੱਖੜਾ ਸ਼ੂਗਰ ਮਿੱਲ ਨੂੰ ਪਹਿਲਤਾ ਦੇ ਅਧਾਰ ਤੇ ਮੁੜ ਚਾਲੂ ਕਰਨ ਬਾਰੇ ਵਿਚਾਰ ਕਰੇਗੀ ਜੋ ਕਿ 2003-04 ਵਿੱਚ ਬੰਦ ਹੋ ਗਈ ਸੀ; ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ?

### ਲਾਲ ਲਕੀਰ ਦੇ ਅੰਦਰ ਵਾਲੀਆਂ ਜ਼ਮੀਨਾਂ/ਘਰਾਂ ਦੀ ਮਲਕੀਅਤ ਮਾਲ ਰਿਕਾਰਡ ਵਿਚ ਕਾਬਜਕਾਰਾ ਦੇ ਨਾਮ ਕਰਨਾ

*1894. **ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਲ ਲਕੀਰ ਦੇ ਅੰਦਰ ਵਾਲੀਆਂ ਜ਼ਮੀਨਾਂ/ਘਰਾਂ ਦੀ ਮਲਕੀਅਤ ਮਾਲ ਰਿਕਾਰਡ ਵਿੱਚ ਕਾਬਜ਼ਕਾਰਾਂ ਦੇ ਨਾਂਅ ਤੇ ਦਰਜ ਨਹੀਂ ਹੈ ਤੇ ਉੱਥੇ ਰਹਿ ਰਹੇ ਵਿਅਕਤੀ ਨਾ ਤਾਂ ਇਨ੍ਹਾਂ ਜਮੀਨਾਂ/ਘਰਾਂ ਤੇ ਕਰਜ਼ਾ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਅਪਲਾਈ ਕਰ ਸਕਦੇ ਹਨ ਅਤੇ ਨਾ ਹੀ ਕਿਸੇ ਦੀ ਜਮਾਨਤ ਆਦਿ ਦੇ ਸਕਦੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਲ ਲਕੀਰ ਦੇ ਅੰਦਰ ਵਾਲੀਆਂ ਜ਼ਮੀਨਾਂ/ਘਰਾਂ ਦੀ ਮਲਕੀਅਤ ਮਾਲ ਰਿਕਾਰਡ ਵਿੱਚ ਕਾਬਜ਼ਕਾਰਾਂ ਦੇ ਨਾਂਅ ਤੇ ਦਰਜ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

### ਪੰਜਾਬ ਦੇ ਸਰਕਾਰੀ ਸਕੂਲਾਂ ਵੱਲ ਬਕਾਇਆ ਬਿਜਲੀ ਦੇ ਬਿੱਲਾਂ ਦਾ ਵੇਰਵਾ

*1740. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.:-** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਦੇ ਕਿੰਨੇ ਸਰਕਾਰੀ (ਪ੍ਰਾਈਮਰੀ,ਮਿਡਲ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਵੱਲ ਬਿਜਲੀ ਦਾ ਬਿੱਲ ਬਕਾਇਆ ਹੈ ਅਤੇ ਉਸਦੀ ਰਕਮ ਕਿੰਨੀ ਹੈ;

ਅ) ਕਿੰਨੇ ਸਰਕਾਰੀ ਸਕੂਲਾਂ ਦਾ ਬਿਜਲੀ ਬਿੱਲ ਨਾ ਭਰਨ ਕਾਰਨ ਕਨੈਕਸ਼ਨ ਕੱਟ ਦਿੱਤਾ ਗਿਆ ਹੈ;

ੲ) ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਲੱਗੇ ਬਿਜਲੀ ਦੇ ਮੀਟਰਾਂ ਮੁਤਾਬਿਕ ਸਕੂਲਾਂ ਦਾ ਕੁੱਲ ਸਲਾਨਾ ਬਿੱਲ ਕਿੰਨਾ ਬਣਦਾ ਹੈ;

ਸ) ਕੀ ਸਰਕਾਰ ਦੀ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਮੁਫਤ ਬਿਜਲੀ ਦੇਣ ਦੀ ਕੋਈ ਤਜਵੀਜ ਹੈ, ਜੇਕਰ ਹੈ ਤਾਂ ਕਦੋਂ ਤੱਕ?

ਪਰਤੋਂ ਜੀ....

ਸਤਿਨਾਮ 13.2.19

**ਬਰਸਾਤੀ ਨਾਲੇ ਤੇ ਪੁੱਲ ਦੀ ਉਸਾਰੀ**

***1815. ਸਰਦਾਰ ਕੰਵਰ ਸੰਧੂ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਐਸ.ਏ.ਐਸ ਨਗਰ ਦੇ ਮਿਰਜ਼ਾਪੁਰ ਪਿੰਡ ਅਤੇ ਪਿੰਡ ਦੇ ਸਕੂਲ ਵਿਚਾਲੇ ਬਰਸਾਤੀ ਨਾਲੇ ਤੇ ਇਕ ਪੁੱਲ ਬਨਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ, ਜਿਸਦੀ ਅਣਹੋਂਦ ਕਾਰਨ ਬੱਚਿਆਂ ਨੂੰ ਟਰੈਕਟਰ, ਟਰਾਲੀਆਂ ਤੇ ਸਕੂਲ ਤੋਂ ਲਿਆਂਦਾ/ਛੱਡਿਆ ਜਾਂਦਾ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਇਸ ਪੁੱਲ ਦੀ ਉਸਾਰੀ 2019 ਦੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਪੂਰੀ ਕਰ ਦਿੱਤੀ ਜਾਵੇਗੀ?

**ਉਦਯੋਗ ਸਥਾਪਿਤ ਕਰਨ ਲਈ ਹਸਤਾਖਰ ਕੀਤੇ ਐਮ.ਓ.ਯੂਜ਼**

*1859. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਨਵੇਂ ਉਦਯੋਗ ਸਥਾਪਿਤ ਕਰਨ ਲਈ ਕੁਲ ਕਿੰਨੇ ਐਮ.ਓ.ਯੂਜ਼ ਸਾਈਨ ਹੋਏ ਅਤੇ ਉਨ੍ਹਾਂ ਵਿਚੋਂ ਕਿੰਨ੍ਹੇ ਪ੍ਰਤੀਸ਼ਤ ਐਮ.ਓ.ਯੂਜ਼ ਅਧੀਨ ਉਦਯੋਗ ਸਥਾਪਿਤ ਹੋ ਚੁੱਕੇ ਹਨ;

ਅ) ਰਾਜ ਵਿਚ ਖੇਤੀਬਾੜੀ ਅਧਾਰਿਤ ਉਦਯੋਗਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਉਦਯੋਗਿਕ ਨੀਤੀ ਦੇ ਵੇਰਵੇ ਕੀ ਹਨ?

**ਫਗਵਾੜਾ ਤੋਂ ਪਿੰਡ ਬਾਧਾਂ ਤੱਕ ਲਿੰਕ ਰੋਡ ਦਾ ਕੰਮ ਮੁਕੰਮਲ ਕਰਨਾ**

*1884. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਗਵਾੜਾ ਤੋਂ ਪਿੰਡ ਬਾਧਾਂ ਤੱਕ ਲਿੰਕ ਰੋਡ ਦਾ ਕੰਮ ਕਦੋਂ ਸ਼ੁਰੂ ਕੀਤਾ ਗਿਆ ਸੀ; ਇਸ ਸੜਕ ਦੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਫਗਵਾੜਾ ਸ਼ਹਿਰ ਵਿਚ ਨਜਾਇਜ਼ ਕਬਜਿਆਂ ਵਾਲਿਆਂ ਖਿਲਾਫ ਕਾਰਵਾਈ**

***2006. ਸ੍ਰੀ ਸੋਮ ਪ੍ਰਕਾਸ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਫਗਵਾੜਾ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਬਜ਼ਾਰਾਂ ਵਿਚ ਖੋਖੇ ਅਤੇ ਫੜੀਆਂ ਲਗਾ ਕੇ ਆਵਾਜਾਈ ਵਿਚ ਵਿਘਨ ਪਾਉਣ ਵਾਲਿਆਂ ਅਤੇ ਹੋਰ ਨਜ਼ਾਇਜ ਕਾਬਜ਼ਕਾਰਾਂ ਨੂੰ ਹਟਾਉਣ ਸਬੰਧੀ ਕਾਰਵਾਈ ਕਰੇਗੀ ਅਤੇ ਕੀ ਖੋਖੇ ਵਾਲਿਆਂ ਨੂੰ ਉਠਾ ਕੇ ਕਿਸੇ ਬਦਲਵੀਂ ਥਾਂ ਤੇ ਵਸਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਾਰਵਾਈ ਕਿੰਨੇ ਸਮੇਂ ਵਿੱਚ ਮੁਕੰਮਲ ਕਰ ਦਿੱਤੀ ਜਾਵੇਗੀ

**ਬੱਸ ਡਰਾਈਵਰਾਂ ਵਲੋਂ ਮਰਜੀ ਨਾਲ ਬੱਸ ਰੋਕਣਾ**

*2003. ਸ੍ਰੀ ਜੋਗਿੰਦਰ ਪਾਲ, ਐਮ.ਐਲ.ਏ.:- ਕੀ ਟਰਾਂਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਠਾਨਕੋਟ ਤੋਂ ਗੁਰਦਾਸਪੁਰ ਤੱਕ ਦੇ ਨਿਰਧਾਰਤ ਬੱਸ ਸਟਾਪਾਂ ਤੇ ਸਵਾਰੀ ਦੁਆਰਾ ਹੱਥ ਦੇਣ ਦੇ ਬਾਵਜੂਦ ਬੱਸ ਡਰਾਈਵਰ ਆਪਣੀ ਮਰਜੀ ਤੋਂ ਬਿਨਾਂ ਬੱਸ ਨਹੀਂ ਰੋਕਦੇ;
ਜੇਕਰ ਅਜਿਹਾ ਹੋਵੇ ਤਾਂ ਨਿਰਧਾਰਤ ਬੱਸ ਸਟਾਪ ਤੇ ਸਵਾਰੀ ਦੁਆਰਾ ਹੱਥ ਦੇਣ ਤੇ ਬੱਸ ਰੋਕਣਾ ਯਕੀਨੀ ਬਨਾਉਣ ਲਈ ਸਰਕਾਰ ਕੀ ਕਰਵਾਈ ਕਰ ਰਹੀ ਹੈ;

ਅ) ਲੋਕਾਂ ਦੀਆਂ ਕੀਮਤੀ ਜਾਨਾਂ ਦੀ ਸੁਰੱਖਿਆ ਅਤੇ ਕੀਮਤੀ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀ ਪੰਜਾਬ ਸਰਕਾਰ ਬੱਸਾਂ ਦੀ ਸਪੀਡ ਅਤੇ ਖਾਸ ਦੂਰੀ ਨੂੰ ਤਹਿ ਕਰਨ ਦਾ ਸਮਾਂ ਨਿਰਧਾਰਤ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਹਾਂ ਤਾਂ ਕਦੋਂ ਤੱਕ?

**ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵਿੱਚ ਨਵੇਂ ਵਿਸ਼ੇ ਸ਼ੁਰੂ ਕਰਨਾ**

***1790. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ਼, ਮਾਨਸਾ ਵਿਖੇ ਸੰਨ 1965 (ਕਾਲਜ਼ ਸ਼ੁਰੂ ਹੋਣ) ਤੋਂ ਲੈ ਕੇ ਜੋ ਵਿਸ਼ੇ ਵਿਦਿਆਰਥੀਆਂ ਨੂੰ ਪੜ੍ਹਾਏ ਜਾਂਦੇ ਸਨ, ਅੱਜ ਵੀ ਓਹੀ ਵਿਸ਼ੇ ਚੱਲ ਰਹੇ ਹਨ ਅਤੇ ਕੋਈ ਇੱਕ ਵੀ ਨਵਾਂ ਵਿਸ਼ਾ ਨਹੀਂ ਪੜ੍ਹਾਇਆ ਜਾਂਦਾ;

**ਅ)** ਜੇਕਰ ਉਪਰੋਕਤ ਭਾਗ ਦਾ ਉੱਤਰ ਹਾਂ ਵਿਚ ਹੈ ਤਾਂ ਕੀ ਹੁਣ ਸੰਗੀਤ, B.Sc (ਮੈਡੀ.), B.Sc (Non-ਮੈਡੀ.), ਨਾਟਕ, ਸਮਾਜ ਸ਼ਾਸਤਰ, ਫੈਸ਼ਨ ਡਿਜ਼ਾਇਨਿੰਗ ਆਦਿ ਤਰ੍ਹਾਂ ਦੇ ਵਿਸ਼ੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ਼, ਮਾਨਸਾ ਵਿਚ ਪੜ੍ਹਾਉਣ ਬਾਰੇ ਸਰਕਾਰ ਦੀ ਕੋਈ ਤਜਵੀਜ ਹੈ;

ੲ) ਕੀ ਇਹ ਵੀ ਠੀਕ ਹੈ ਕਿ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ਼, ਮਾਨਸਾ ਵਿਚ ਰੈਗੂਲਰ ਪ੍ਰੋਫੈਸਰਾਂ ਦੀਆਂ ਅਸਾਮੀਆਂ ਵਿਚੋਂ ਸਿਰਫ ਇੱਕ ਅਸਾਮੀ ਭਰੀ ਹੋਈ ਹੈ ਅਤੇ ਬਾਕੀ ਸਾਰੀਆਂ ਅਸਾਮੀਆਂ ਖਾਲੀ ਹਨ; ਇਸ ਦੇ ਨਾਲ ਹੀ ਗੈਸਟ ਫਕਿਲਟੀ ਪ੍ਰੋਫੈਸਰਾਂ ਵਿੱਚੋਂ ਪੰਜਾਬੀ ਪ੍ਰੋਫੈਸਰਾਂ ਦੀਆਂ 2 ਅਸਾਮੀਆਂ, ਪੋਲੀਟੀਕਲ ਸਾਇੰਸ ਦੀ 1 ਅਸਾਮੀ ਅਤੇ ਅੰਗਰੇਜ਼ੀ ਦੀ 1 ਅਸਾਮੀ ਖਾਲੀ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਕੀ ਤਜਵੀਜ ਹੈ?

**ਹਲਕਾ ਬੁਢਲਾਡਾ ਦੇ ਮਾਈਨਰਾਂ ਨੂੰ ਚੋੜਾ ਕਰਕੇ ਵੱਧ ਪਾਣੀ ਲੈਣ ਵਾਲੇ ਅਨਸਰਾਂ ਖਿਲਾਫ ਕਾਰਵਾਈ ਕਰਨਾ**

***1949. ਸ੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬੁਢਲਾਡਾ ਦੇ "ਬੋਹਾ ਰਜਬਾਹਾ" ਦੇ ਮਾਈਨਰਾਂ (6,7,8) ਵਿਚ ਲਗਾਤਾਰ ਭੰਨ ਤੋੜ ਅਤੇ ਚੌੜਾ ਕਰਕੇ ਵਧ ਪਾਣੀ ਲੈਣ ਵਾਲੇ ਕਿਸਾਨ ਵਿਰੋਧੀ ਅਨਸਰਾਂ ਦੇ ਖਿਲਾਫ ਕੋਈ ਕਾਰਵਾਈ ਅਰੰਭ ਕੀਤੀ ਹੈ; ਜੇਕਰ ਅਜਿਹਾ ਹੈ ਤਾਂ ਕੀਤੀ ਗਈ ਕਾਰਵਾਈ ਬਾਰੇ ਦਸਿਆ ਜਾਵੇ?

**ਲੋਕਾਂ ਦੇ ਘਰਾਂ ਵਿਚੋਂ ਬਿਜਲੀ ਦੇ ਮੀਟਰ ਉਤਾਰਨਾ**

***1845. ਸ੍ਰੀ. ਰਾਜਿੰਦਰ ਬੇਰੀ, ਐਮ.ਐਲ.ਏ.:-** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਿਜਲੀ ਮਹਿਕਮੇ ਦੇ ਕਰਮਚਾਰੀ ਲੋਕਾਂ ਦੇ ਘਰਾਂ ਵਿੱਚੋਂ ਮੀਟਰ ਉਤਾਰ ਕੇ ਲੈ ਜਾਂਦੇ ਹਨ ਤੇ ਫਾਰਮ ਉੱਪਰ ਵਿਅਕਤੀ ਕੋਲੋਂ ਹਸਤਾਖਰ ਕਰਵਾ ਕੇ ਲੈ ਜਾਂਦੇ ਹਨ ਤੇ ਉਸ ਤੋਂ ਸਾਲ ਬਾਅਦ ਹਜਾਰਾਂ ਰੁਪਏ ਜੁਰਮਾਨਾ ਪਾ ਕੇ ਵਿਅਕਤੀ ਨੂੰ ਨੋਟਿਸ ਭੇਜ ਦਿੰਦੇ ਹਨ ਤੇ ਬਿਜਲੀ ਬੋਰਡ ਵਲੋਂ ਬਣਾਏ ਗਏ ਪੁਲਿਸ ਥਾਣਿਆਂ ਦਾ ਜੁਰਮਾਨਾ ਅਲੱਗ ਲੱਗ ਕੇ ਆਉਂਦਾ ਹੈ ਜਿਸ ਨਾਲ ਆਮ ਜਨਤਾ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸਿਸਟਮ ਨੂੰ ਠੀਕ ਕਰਨ ਲਈ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਉਸਦੇ ਕੀ ਵੇਰਵੇ ਹਨ?

**ਬਾਘਾ ਪੁਰਾਣਾ ਤੋਂ ਭਗਤਾ ਰੋਡ ਦੀ ਵਿਸ਼ੇਸ਼ ਮੁਰੰਮਤ ਸਬੰਧੀ**

***1835 ਸਰਦਾਰ ਦਰਸ਼ਨ ਸਿੰਘ ਬਰਾੜ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜ਼ਿਲ੍ਹਾ ਮੋਗਾ ਦੀ ਬਾਘਾ ਪੁਰਾਣਾ ਤੋਂ ਭਗਤਾ ਸੜਕ ਦੀ ਵਿਸ਼ੇਸ਼ ਮੁਰੰਮਤ ਪਿਛਲੀ ਵਾਰ ਕਿਸ ਤਰੀਕ ਨੂੰ ਕਰਵਾਈ ਗਈ ਸੀ ਅਤੇ ਇਸਦੀ ਵਿਸ਼ੇਸ਼ ਮੁਰੰਮਤ ਭਵਿੱਖ ਵਿੱਚ ਕਿਸ ਤਰੀਕ ਨੂੰ ਕੀਤੀ ਜਾਣੀ ਬਣਦੀ ਹੈ;

ਅ) ਸਰਕਾਰ ਦੁਆਰਾ ਨੇੜਲੇ ਭਵਿੱਖ ਵਿੱਚ ਇਸਦੀ ਵਿਸ਼ੇਸ਼ ਮੁਰੰਮਤ ਦਾ ਕੀ ਪ੍ਰਸਤਾਵ ਹੈ?

**ਹਲਕਾ ਬਸੀ ਪਠਾਣਾ ਵਿਚ ਨਵੇਂ ਉਦਯੋਗਿਕ ਯੂਨਿਟ ਸਥਾਪਿਤ ਕਰਨਾ**

***1978. ਸਰਦਾਰ ਗੁਰਪ੍ਰੀਤ ਸਿੰਘ ਜੀ. ਪੀ., ਐਮ.ਐਲ.ਏ.:-** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਬਸੀ ਪਠਾਣਾ ਵਿਚ ਨਵੇਂ ਉਦਯੋਗਿਕ ਯੂਨਿਟ ਸਥਾਪਿਤ ਕਰਨ ਲਈ ਕੋਈ ਕਦਮ ਚੁੱਕੇਗੀ ਜਿਥੇ ਇਸ ਮੰਤਵ ਵਾਸਤੇ ਇਸ ਖੇਤਰ ਦੇ ਪਿੰਡ ਘੜੌਲੀਆਂ ਵਿਖੇ 60 ਏਕੜ ਜ਼ਮੀਨ ਉਪਲਬੱਧ ਹੈ?

ਚੰਡੀਗੜ੍ਹ
ਮਿਤੀ 13 ਫਰਵਰੀ, 2019

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।